Tear Here

Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 23
No. of Printed Pages – 07

SS-25-Punjabi Sah.(D&D)

# उच्च माध्यमिक (मूक–बधिर) (CWSN) परीक्षा, 2024
## SENIOR SECONDARY (D&D) (CWSN) EXAMINATION, 2024
## पंजाबी साहित्य
## PUNJABI SAHITYA

**Time : 4¼ Hours**
**Maximum Marks : 80**

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 17 ਤੋਂ 23 ਤਕ ਆਂਤਰਿਕ ਵਿਕਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

## ਖੰਡ - ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ : [12 × 1 = 12]

i) 'ਖ਼ਨਗਾਹੀਂ ਦੀਵਾ ਬਾਲਦੀਏ' ਕਵਿਤਾ ਦਾ ਕਵੀ ਹੈ :

ੳ) ਭਾਈ ਵੀਰ ਸਿੰਘ  ਅ) ਸੰਤ ਰਾਮ ਉਦਾਸੀ

ੲ) ਡਾ. ਜਗਤਾਰ  ਸ) ਪ੍ਰੋ. ਮੋਹਨ ਸਿੰਘ

ii) "ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,

ਆਸ਼ਕ ਮੁੱਢੋ ਮੈਂ ਏਸ ਉਮੰਗ ਦਾ ਹਾਂ" ।

ਇਹ ਸਤਰਾਂ ਕਿਸ ਕਵੀ ਦੀਆਂ ਹਨ ?

ੳ) ਬਾਬੂ ਫੀਰੋਜ਼ਦੀਨ ਸ਼ਰਫ਼  ਅ) ਡਾ. ਪਾਲ ਕੌਰ

ੲ) ਸ਼ਾਹ ਮੁਹੰਮਦ  ਸ) ਧਨੀ ਰਾਮ ਚਾਤ੍ਰਿਕ

iii) "ਜੇ ਰੂਹ ਦੇ ਲੰਗਾਰ ਨਾ ਲਹਿੰਦੇ, ਚੁੱਪ ਹੀ ਰਹਿੰਦੇ, ਕੁਝ ਨਾ ਕਹਿੰਦੇ, ਜੇ 'ਕੱਲਾ ਦਾਮਨ ਹੀ ਫਟਦਾ, ਅੰਦਰ ਵੜ ਕੇ ਸੀਅ ਲੈਣਾ ਸੀ।"

ਇਹਨਾਂ ਸਤਰਾਂ ਵਿੱਚ ਆਏ 'ਲੰਗਾਰ' ਸ਼ਬਦ ਦਾ ਅਰਥ ਹੈ :

ੳ) ਲੁੱਟ ਖਸੁੱਟ ਹੋ ਜਾਣਾ  ਅ) ਜ਼ਬਰਦਸਤੀ ਹੋ ਜਾਣਾ

ੲ) ਲੀਰੋ ਲੀਰ ਹੋਣਾ  ਸ) ਸਮੁੰਦਰੀ ਜਹਾਜ਼ ਦਾ ਲੁੱਟਿਆ ਜਾਣਾ

iv) ਗੁਰਭਜਨ ਗਿੱਲ ਦੀ ਗ਼ਜ਼ਲ ਹੈ :

ੳ) ਹਰ ਮੋੜ ਤੇ ਸਲੀਬਾਂ  ਅ) ਆਪਣੀ ਜਾਚੇ

ੲ) ਹੋਰਾਂ ਵਾਗੂੰ  ਸ) ਅਰਦਾਸ ਕਰੀਂ

v) "ਲੱਸੀ ਦਾ ਛੰਨਾ ਦਿੰਦੇ, ਬਾਜਰੇ ਦੀ ਰੋਟੀ,

ਮੱਖਣ ਦੀ ਪਿੰਨੀਂ ਦਿੰਦੇ, ਦੁੱਧ ਦੀਆਂ ਕਟੋਰੀਆਂ" ।

ਇਹ ਸਤਰਾਂ ਕਿਸ ਕਵਿਤਾ ਦੀਆਂ ਹਨ :

ੳ) ਸਮਾਂ  ਅ) ਗਰੀਬ ਕਿਰਸਾਣ

ੲ) ਹਲ ਵਾਹੁਣ ਵਾਲੇ  ਸ) ਮੈਂ ਪੰਜਾਬੀ

vi) 'ਆਇਆ ਨੰਦ ਕਿਸ਼ੋਰ' ਕਵਿਤਾ ਅਨੁਸਾਰ ਨੰਦ ਕਿਸ਼ੋਰ ਦੀ ਬੇਟੀ ਕਿਹੜੀ ਭਾਸ਼ਾ ਸਿੱਖ ਰਹੀ ਹੈ ?

ੳ) ਹਿੰਦੀ ਅ) ਅੰਗਰੇਜ਼ੀ

ੲ) ਉਰਦੂ ਸ) ਪੰਜਾਬੀ

vii) 'ਦੁਸ਼ਮਣੀ ਦੀ ਦਾਸਤਾਨ' ਕਵਿਤਾ ਅਨੁਸਾਰ ਵਾਗਿਓਂ ਲੰਘ ਕੇ ਕਿਹੜਾ ਫਲ਼ ਆਇਆ ਹੈ ?

ੳ) ਕਸ਼ਮੀਰੀ ਸੇਬ ਅ) ਈਰਾਨੀ ਖ਼ਜੂਰ

ੲ) ਪਾਕਿਸਤਾਨੀ ਅੰਬ ਸ) ਕਾਬਲੀ ਅੰਗੂਰ

viii) "ਓ ਆ ਮਾਂ ਦਿਆ ਸ਼ਿਵ ਜੀ! ਹੈਥੇ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ..... ਅਸੀਂ ਹੋਰ ਵੀ ਕੰਮ ਕਰਨੈਂ।" ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ਹਨ ?

ੳ) ਕਰਮ ਸਿੰਘ ਨੇ ਬਚਨੋਂ ਨੂੰ ਅ) ਕਰਮ ਸਿੰਘ ਨੇ ਧਰਮ ਸਿੰਘ ਨੂੰ

ੲ) ਧਰਮ ਸਿੰਘ ਨੇ ਕਰਮ ਸਿੰਘ ਨੂੰ ਸ) ਕਰਮ ਸਿੰਘ ਨੇ ਘੁੱਦੂ ਨੂੰ

ix) 'ਹਰਪ੍ਰੀਤ ਸਿੰਘ ਸੇਖਾ' ਦੀ ਕਹਾਣੀ ਹੈ :

ੳ) ਪੰਜ ਡਾਲਰ ਦਾ ਨੋਟ ਅ) ਗੁੱਡ ਡੀਅਲ

ੲ) ਘੜੀ ਤਾਂ ਖਰਾਬ ਹੋ-ਗੀ ਸ) ਹਵਾ

x) 'ਕੋਈ ਇੱਕ ਸਵਾਰ' ਕਹਾਣੀ ਦਾ ਮੁੱਖ-ਪਾਤਰ ਹੈ :

ੳ) ਘੁੱਦੂ ਅ) ਆਤੂ ਖੋਜੀ

ੲ) ਬਾਰੂ ਸ) ਰਤਨਾ ਭਿੰਡਰ

xi) "ਕਚਹਿਰੀ ਵਿੱਚ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ"। ਇਹ ਵਾਕ ਕਿਹੜੀ ਕਹਾਣੀ ਵਿੱਚੋਂ ਹੈ ?

ੳ) ਮੋਹ-ਪਾਸ਼ ਅ) ਸੱਚ ਵੀ ਮੁਥਾਜ ਹੈ

ੲ) ਸ਼ਹੀਦ ਦੀ ਮਾਂ ਸ) ਮੈਨੂੰ ਜਾਣਨੈ ?

xii) 'ਹਵਾ' ਕਹਾਣੀ ਦੇ ਕਹਾਣੀਕਾਰ ਹਨ :

ੳ) ਨਾਨਕ ਸਿੰਘ ਅ) ਸੰਤ ਸਿੰਘ ਸੇਖੋਂ

ੲ) ਕੁਲਵੰਤ ਸਿੰਘ ਵਿਰਕ ਸ) ਗੁਰਦੇਵ ਸਿੰਘ ਰੁਪਾਣਾ

**2.** ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : **[6 × 1 = 6]**

i) ਰਹੀ ਵਾਸਤੇ ਘੱਤ,...............................।
ਫੜ ਫੜ ਰਹੀ ਧਰੀਕ,..........................।

ii) ............................ਜਦੋਂ ਆਊ ਹਾਣੀਆ ।
.................................ਗਾਊ ਹਾਣੀਆ ।

iii) "ਮਖਾਂ ਬੈਠੋ ਤਾਂ ਸਹੀ–....................ਖੰਘਣ ਦਿੰਦਾ"।

iv) ਗਲ਼..........................................ਬਜਾਉਣਾ ।

v) ਕੋਈ ਮਰੇ..............ਸੁਥਰਾ ਘੋਲ਼...............ਪੀਵੇ ।

vi) ਸ਼ਾਂਤ ਰਸ ਦਾ ਸਥਾਈ ਭਾਵ..................... ਹੈ ।

**3.** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[12 × 1 = 12]**

i) ਕਵੀ ਅਨੁਸਾਰ ਸਰਹੱਦਾਂ ਦੇ ਉੱਤੇ ਭੁੱਖ ਨਾਲ ਕੌਣ ਲੜਦੀ ਹੈ ?

ii) 'ਇੱਕ ਅੱਖ ਨਾਲ ਵੇਖਣਾ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

iii) 'ਸਹਿਜ ਪੱਕੇ ਸੋ ਮਿੱਠਾ ਹੋਏ' ਅਖਾਣ ਦਾ ਅਰਥ ਲਿਖੋ ।

**(iv-vi)** ਹੇਠਾਂ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

iv) ਤੁਹਡੀ ਪਰੀਖਿਆ ਕਿਹੜੀ ਤਰੀਕ ਤੋਂ ਸ਼ੁਰੂ ਹੋ ਰਹੀ ਹੈ

v) ਜੈਪੁਰ ਅਜਮੇਰ ਉਦੈਪੁਰ ਕੋਟਾ ਤੇ ਜੋਧਪੁਰ ਰਾਜਸਥਾਨ ਦੇ ਪ੍ਰਸਿੱਧ ਸ਼ਹਿਰ ਹਨ

vi) ਪ੍ਰਿੰਸੀਪਲ ਸਾਹਿਬ ਜੀ ਨੇ ਕਿਹਾ ਮੈਂ ਹਮੇਸ਼ਾਂ ਮਿਹਨਤੀ ਅਤੇ ਲਗਨ ਵਾਲੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ

**(vii-xii)** ਵਾਕ ਬੋਧ :

vii) ਮੇਰੇ ਚਾਚਾ ਜੀ ਅੱਜ ਸ਼ਹਿਰ ਗਏ ਹਨ । (ਵਾਕ ਵਿੱਚੋਂ ਵਿਧੇਅ ਚੁਣੋ)

viii) ਅਸੀਂ ਆਪਣੇ ਦੇਸ ਨੂੰ ਪਿਆਰ ਕਰਦੇ ਹਾਂ ।
(ਕਾਰਜ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

ix) ਰੋਹਤਮ ਕਬੱਡੀ ਦਾ ਚੰਗਾ ਖਿਡਾਰੀ ਹੈ ਅਤੇ ਸਵੇਰ ਵੇਲ਼ੇ ਸੈਰ ਵੀ ਕਰਦਾ ਹੈ ।
(ਬਣਤਰ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

x) ਭਾਰਤ ਕਦੋਂ ਅਜ਼ਾਦ ਹੋਇਆ ? (ਕਾਰਜ ਦੇ ਆਧਾਰ 'ਤੇ ਵਾਕ-ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xi) ਮੇਰੀ ਬੇਬੇ ਜੀ ਨਰਮਾ ਚੁਗ ਰਹੀ ਹੈ । (ਵਾਕ ਵਿੱਚੋਂ ਕਰਮ ਚੁਣ ਕੇ ਲਿਖੋ)

xii) ਮੇਰੇ ਬਾਪੂ ਜੀ ਮੱਝਾਂ ਨੂੰ ਨਹਾ ਰਹੇ ਹਨ । (ਵਾਕ ਵਿੱਚੋਂ ਉਦੇਸ਼ ਚੁਣੋ)

## ਖੰਡ - ਅ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :** **[5 × 2 = 10]**

ਘਰ ਵਾਂਗ ਸਕੂਲ ਵਿੱਚ ਵੀ ਸਫ਼ਾਈ ਬੜੀ ਜ਼ਰੂਰੀ ਹੈ । ਸਕੂਲ ਵਿੱਚ ਕੂੜਾ-ਕਰਕਟ ਵਧੇਰੇ ਕਰਕੇ ਪਾਟੇ ਹੋਏ ਕਾਗ਼ਜ਼ਾਂ ਆਦਿ ਦਾ ਹੀ ਹੁੰਦਾ ਹੈ, ਇਸ ਲਈ ਜੇ ਹਰ ਵਿਦਿਆਰਥੀ ਅਜਿਹਾ ਕੂੜਾ-ਕਰਕਟ ਖਿਲਾਰਨ ਤੋਂ ਸੰਕੋਚ ਕਰੇ ਤਾਂ ਗੰਦਗੀ ਬਹੁਤ ਘੱਟ ਫ਼ੈਲੇਗੀ । ਕੁਝ ਮਿੱਟੀ-ਘੱਟ ਤੇਜ਼ ਹਵਾ ਚੱਲਣ ਨਾ਼ਲ ਹੁੰਦਾ ਹੈ ਜਿਸ ਲਈ ਹਰ ਰੋਜ਼ ਸਫ਼ਾਈ ਦੀ ਲੋੜ ਹੈ । ਆਮ ਸਕੂਲਾਂ ਵਿੱਚ ਇੱਕ ਸਫ਼ਾਈ ਸੇਵਕ ਹੀ ਹੁੰਦਾ ਹੈ । ਚੰਗੇ ਸਕੂਲਾਂ ਵਿੱਚ ਸਫ਼ਾਈ ਦਾ ਬਹੁਤਾ ਕੰਮ ਵਿਦਿਆਰਥੀਆਂ ਕੋਲੋਂ ਹੀ ਕਰਵਾਇਆ ਜਾਂਦਾ ਹੈ । ਇਸ ਤਰ੍ਹਾਂ ਉਹਨਾਂ ਨੂੰ ਆਪਣੀ ਸਫ਼ਾਈ ਆਪ ਕਰਨ ਦੀ ਜਾਚ ਆਉਂਦੀ ਹੈ । ਕਈਆਂ ਸਕੂਲਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਸਫ਼ਾਈ-ਮੁਕਾਬਲੇ ਹੁੰਦੇ ਹਨ,  ਇਸ ਲਈ ਹਰ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਨੂੰ ਇੱਕ ਪਾਸੇ ਘੱਟ ਗੰਦਾ ਕਰਨ ਅਤੇ ਦੂਜੇ ਪਾਸੇ ਸਾਫ਼ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਹਨ ।

**4.** ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

**5.** ਕੂੜਾ-ਕਰਕਟ ਖਿਲਾਰਨ ਤੋਂ ਸੰਕੋਚ ਕਰਨ ਦੀ ਆਦਤ ਦਾ ਕੀ ਲਾਭ ਹੋ ਸਕਦਾ ਹੈ ?

**6.** ਸਕੂਲ ਵਿੱਚ ਕੂੜਾ-ਕਰਕਟ ਵਧੇਰੇ ਕਰਕੇ ਕਿਸ ਚੀਜ਼ ਦਾ ਹੁੰਦਾ ਹੈ ?

**7.** ਸਕੂਲ ਵਿੱਚ ਸਫ਼ਾਈ ਕਰਨ ਦਾ ਵਿਦਿਆਰਥੀਆਂ ਨੂੰ ਕੀ ਫ਼ਾਇਦਾ ਮਿਲਦਾ ਹੈ ?

**8.** **ਔਖੇ ਸ਼ਬਦਾਂ ਦੇ ਅਰਥ ਲਿਖੋ :**

ਜਾਚ, ਕੋਸ਼ਿਸ਼, ਵਿਦਿਆਰਥੀ, ਲੋੜ

**(9-16) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[8 × 2 = 16]**

**9.** ਖੜ੍ਹਾ-ਸਾਈਕਲ ਕਵਿਤਾ ਅਨੁਸਾਰ ਕਿਸੇ ਸਿਆਣੇ ਨੇ ਮਾਂ ਨੂੰ ਕੀ ਆਖਿਆ ਸੀ ?

**10.** ਡਾ. ਵਨੀਤਾ ਆਪਣੀ ਕਵਿਤਾ ਵਿੱਚ ਉਦਾਸੀ ਅਤੇ ਨਿਰਾਸ਼ਾ 'ਚੋਂ ਕਿਸ ਨੂੰ ਚੰਗਾ ਸਮਝਦੀ ਹੈ ?

**11.** 'ਬਿਰਛ ਨਾਲ ਲੈ ਕੇ ਤੁਰਨਾ' ਕਵਿਤਾ ਅਨੁਸਾਰ ਕਿਹੋ ਜਿਹੇ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀ ਸਕਦੀ ?

**12.** ਚਾਚੀ ਪਿੰਡ ਵਿੱਚ ਹੋਏ ਕਿਹੜੇ ਕਤਲ ਦਾ ਜ਼ਿਕਰ ਕਰਦੀ ਹੈਂ ?

**13.** ਮੋਹ-ਪਾਸ਼ ਕਹਾਣੀ ਸਾਨੂੰ ਕੀ ਸਿਖਾਉਂਦੀ ਹੈ ?

**14.** 'ਇਕਾਂਗੀ' ਦੇ ਮੁੱਖ-ਮੁੱਖ ਤੱਤ ਦੱਸੋ ।

**15.** 'ਸ਼ਿੰਗਾਰ ਰਸ' ਦੀ ਉਦਾਹਰਨ ਲਿਖੋ ।

**16.** ਨਵ-ਰਹੱਸਵਾਦੀ ਕਾਵਿ ਪ੍ਰਵਿਰਤੀ ਦੇ ਚਾਰ ਕਵੀਆਂ ਦੇ ਨਾਂ ਲਿਖੋ ।

## ਖੰਡ - ੲ

**(17-20)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[4 × 3 = 12]**

**17.** ਇੱਕ ਇਲਮ ਦੀ ਊਣ ਹੈ, ਮੁੰਡੇ ਪੜ੍ਹਨੇ ਪਾਇ,
ਦੂਜਾ ਝੱਸ ਸ਼ਰਾਬ, ਇਸ ਤੋਂ ਜਾਣ ਛੁਡਾਇ,
ਤੀਜਾ ਐਬ ਕੁਪੱਤ ਦਾ, ਖਹਿ ਖਹਿ ਮਰੋ ਭਰਾਇ,
ਫੇਰ ਮੁਕੱਦਮੇ ਲੜਦਿਆਂ, ਝੁੱਗਾ ਉੱਜੜ ਜਾਇ ।

i) ਕਾਵਿ-ਬੰਦ ਦਾ ਪ੍ਰਸ਼ੰਗ ਲਿਖੋ ।
ii) ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ ।
iii) ਔਖੇ ਸ਼ਬਦਾਂ ਦੇ ਅਰਥ ਲਿਖੋ :
ਝੱਸ, ਕੁਪੱਤ, ਐਬ, ਇਲਮ

ਜਾਂ

ਨਾ ਸ਼ਬਨਮ, ਨਾ ਖ਼ੁਸ਼ਬੂ, ਨਾ ਤਾਜ਼ਾ ਹਵਾ ਹੈ ।
ਇਹ ਕੈਸੇ ਗਰਾਂ ਨੇ, ਇਹ ਕੈਸੇ ਨਗਰ ਨੇ ।
ਕਿਤਾਬਾਂ ਦੀ ਦੁਨੀਆਂ ਤੋਂ, ਰੱਖਦੇ ਜੋ ਦੂਰੀ ।
ਉਹ ਕਿੱਦਾਂ ਨੇ ਜਿਉਂਦੇ, ਉਹ ਕੈਸੇ ਬਸ਼ਰ ਨੇ ।

i) ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ ।
iii) ਔਖੇ ਸਬਦਾਂ ਦੇ ਅਰਥ ਲਿਖੋ :
ਸ਼ਬਨਮ, ਗਰਾਂ, ਬਸ਼ਰ, ਖ਼ੁਸ਼ਬੂ

**18.** 'ਸੀਰੀ ਤੇ ਜੱਟ ਦੀ ਵਿਥਿਆ ਦੇ ਨਾਂ' ਗੀਤ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਪੰਜਾਬ ਦੇ ਮਜ਼ੂਰ' ਕਵਿਤਾ ਰਾਹੀਂ ਕਵੀ ਮਜ਼ਦੂਰ ਦੇ ਕਿਹੜੇ ਗੁਣਾਂ ਦਾ ਜ਼ਿਕਰ ਕਰਦਾ ਹੈ ?

**19.** 'ਘੜੀ ਤਾਂ ਖਰਾਬ ਹੋ-ਗੀ ।' ਕਹਾਣੀ ਦਾ ਸੰਖੇਪ ਸਾਰ ਲਿਖੋ ।

ਜਾਂ

ਭੂਆ ਜਾਂ ਆਤੂ ਖੋਜੀ ਦੀ ਪਾਤਰ ਉਸਾਰੀ ਕਰੋ ।

**20.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ :

ਕਰ ਭਲਾ ਹੋ ਭਲਾ

ਜਾਂ

ਹੰਕਾਰਿਆ ਸੋ ਮਾਰਿਆ

ਜਾਂ

ਮਿਹਨਤ ਦਾ ਫ਼ਲ

## ਖੰਡ - ਸ

**(21-23)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **[3 × 4 = 12]**

**21.** ਕਿਸੇ ਇੱਕ ਵਿਸ਼ੇ ਉੱਪਰ ਲੇਖ - ਰਚਨਾ ਕਰੋ :

ਇਤਿਹਾਸਿਕ ਸਥਾਨ ਦੀ ਯਾਤਰਾ

ਜਾਂ

ਭ੍ਰਿਸ਼ਟਾਚਾਰ

ਜਾਂ

ਸ਼ਹੀਦ ਭਗਤ ਸਿੰਘ

ਜਾਂ

ਸਲਾਨਾ ਇਨਮ-ਵੰਡ ਸਮਾਗਮ

**22.** ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ :

ਰੇਖਾ ਚਿੱਤਰ

ਜਾਂ

ਕਵਿਤਾ

**23.** ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ :

1913 ਤੋਂ 1947 ਦਰਮਿਆਨ ਸਿਰਜੇ ਪੰਜਾਬੀ ਨਾਟਕ ਦਾ ਸੰਖੇਪ ਇਤਿਹਾਸ ਲਿਖੋ ।

ਜਾਂ

ਪਰਵਾਸੀ ਪੰਜਾਬੀ ਨਾਵਲਕਾਰਾਂ ਬਾਰੇ ਜਾਣਕਾਰੀ ਦਿਓ ।

DO NOT WRITE ANYTHING HERE